## ਤਿਲਕ ਲਗਾਨ ਬਾਰੇ

ੴ

ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥ [1]

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥ ੧ ॥
ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥ [2]

ਰਹਿਰਾਸ ਦਾ ਪ੍ਰਕਰਨ ਪੂਰਾ ਹੁੰਦੀਆ ਹੀ ਸ਼ੰਕਾਵਾਦੀ ਕਹਿਣ ਲਗੇ ਕਿ ਰਹਿਰਾਸ ਦਾ ਤਾਂ ਨਿਰਨਾ ਭਲੀ ਪ੍ਰਕਾਰ ਕੀਤੇ ਹੈ, ਪ੍ਰ ਏਹ ਦਸੋ ਕਿ ਇਥੇ ਤਖ਼ਤ ਸਾਹਿਬ ਤੇ ਟਿਕੇ ਮਥੇ ਤੇ ਹਿੰਦੂਆਂ ਵਾਂਗ ਕਿਉਂ ਲਾਉਂਦੇ ਜਾਂਦੇ ਹਨ ? ਗੁਰੂ ਸਾਹਿਬ ਜੀ ਨੇ ਟਿਕੇ ਨੂੰ ਖੰਡਨ ਕੀਤਾ ਹੈ : -

ਸ੍ਰੀ ਮੁਖ ਵਾਕ

ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਉਨਾ ਜਾਨਾਂ ॥ [3]

ਭਾਈ ਸ਼ੰਕਾਵਾਦੀ ਸਜਨੋ, ਜੋ ਤਿਲਕ ਨੂੰ ਖੰਡਨ ਕਰੋਗੇ, ਤਾਂ ਮਾਲਾ ਭੀ ਖੰਡਨ ਹੋ ਜਾਇਗੀ ।[4] ਗੁਰੂ ਸਾਹਿਬ ਪਾਖੰਡ ਨੂੰ ਖੰਡਨ ਕਰਦੇ ਹਨ, ਸਚ ਨੂੰ ਨਹੀਂ । ਸਚ ਵਾਸਤੇ ਗੁਰਬਾਣੀ ਵਿਚ ਗੁਰੂ ਸਾਹਿਬ ਇਸਤ੍ਰਾਂ ਫ਼ੁਰਮਾਉਂਦੇ ਹਨ : -

ਸ੍ਰੀ ਮੁਖਵਾਕ । ਤਿਨ ਮੁਖਿ ਟਿਕੇ ਨਿਕਲਹਿ [5]

---

[1] ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੬੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[2] ਰਾਗੁ ਗੂਜਰੀ ਮਹਲਾ ੪, ਪੰਨਾ ੧੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[3] ਭੈਰਉ, ਕਬੀਰ ਜੀ, ਪੰਨਾ ੧੧੫੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[4] 'ਸਿੱਖ ਰਹਿਤ ਮਰਯਾਦਾ' ਅਨੁਸਾਰ: - "ਜ਼ਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ-ਤੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ਼, ਸ਼ਰਾਧ, ਪਿੱਤਰ, ਖਿਆਹ, ਪਿੰਡ ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ, ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉਤੇ ਨਿਸ਼ਚਾ ਨਹੀਂ ਕਰਨਾ" ।

ਸੋ ਸ਼ੰਕਾਵਾਦੀ ਸਜਨੋ, ਮਹਾਰਾਜ ਗੁਰੂ ਸਾਹਿਬ ਟੀਕੇ ਦੀ ਆਗਿਆ ਉਨ੍ਹਾਂ ਨੂੰ ਦੇਂਦੇ ਹਨ, ਜਿਨ੍ਹਾਂ ਦਾ ਮਨ ਗੁਰੂਬਾਣੀ ਵ ਨਾਮ ਵਲ ਲਗਾ ਹੋਏ ਔਰ ਮੁਹ ਨਾਲ ਗੁਰਬਾਣੀ ਵ ਨਾਮ ਜਪਦੇ ਹਨ। ਸਾਧ ਸੰਗਤ ਜੀਓ, ਆਓ ਗੁਰ ਇਤਹਾਸ ਵਲੋ ਨਿਗ੍ਹਾ ਮਾਰੀਏ ਕਿ ਕਿਸ ਤਰ੍ਹਾਂ ਪਹਿਲੇ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਜੀ ਦੇ ਮਥੇ ਤੇ ਤਿਲਕ ਲਾਉਂਦੇ ਹਨ, ਗੁਰਤਾ ਗਦੀ ਦੇ ਟੈਮ। ਉਸਤੋਂ ਬਚਿਆ ਹੋਯਾ ਕੇਸ੍ਰ ਚੰਦਨ ਸੰਗਤ ਨੇ ਸੀਤ ਪ੍ਰਸਾਦ ਜਾਨ ਕੇ ਸਾਰੀ ਸੰਗਤ ਦੇ ਮਥੇ ਤੇ ਲਗਾਯਾ ਗਿਆ ਹੈ। ਇਸਤਰ੍ਹਾਂ ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਅਮ੍ਰਦਾਸ ਜੀ ਦੇ ਮਥੇ ਤੇ ਤਿਲਕ ਲਾਯਾ ਹੈ। ਇਸਤਰ੍ਹਾਂ ਗੁਰੂ ਅਮ੍ਰਦਾਸ ਜੀ ਨੇ ਗੁਰੂ ਰਾਮਦਾਸ ਸਾਹਿਬ ਜੀ ਨੂੰ, ਗੁਰੂ ਰਾਮਦਾਸ ਸਾਹਿਬ ਜੀ ਨੇ ਗੁਰੂ ਅ੍ਰਜਨ ਸਾਹਿਬ ਜੀ ਨੂੰ। ਇਸ ਤੋਂ ਬਾਦ ਟੀਕੇ ਦੀ ਰਸਮ ਗੁਰੂ ਸਾਹਿਬ ਜੀ ਦੇ ਹੁਕਮ ਨਾਲ ਬਾਬਾ ਬੁਢਾ ਸਾਹਿਬ ਜੀ ਕਰਦੇ ਰਹੇ। ਇਸ ਤੋਂ ਬਾਦ ਦਸਵੀਂ ਪਾਤਸ਼ਾਹੀ ਤਕ ਬਾਬਾ ਬੁਢੇ ਜੀ ਦੇ ਖ਼ਾਨਦਾਨ ਭਾਈ ਰਾਮ ਕੌਰ ਜੀ ਜੀ ਕਰਦੇ ਰਹੇ। ਭਾਈ ਰਾਮ ਕੌਰ ਜੀ ਨੇ ਦਸਮ ਪਾਤਸ਼ਾਹ ਜੀ ਦੇ ਮਥੇ ਤੇ ਤਿਲਕ ਲਾਯਾ ਸੀ ਗੁਰਿਆਈ ਦੇ ਟੈਮ। ਦਸਮੇ ਪਾਤਸ਼ਾਹ ਜੀ ਨੇ ਮ੍ਰਿਯਾਦ ਬੰਨ੍ਹੀ ਹੈ ਆਪ ਤਖ਼ਤ ਹਜ਼ੂਰ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਟੀਕਾ ਲਾਯਾ ਸੀ ਅਪਨੇ ਹਥੀ ਗੁਰਿਆਈ ਦੇਨ ਦੇ ਟੈਮ। ਬਚਿਆ ਹੋਯਾ ਸੰਗਤ ਨੂੰ ਬ੍ਰਤਾਯਾ ਜਾਂਦਾ ਹੈ ਵ ਟੀਕੇ ਲਾਏ ਜਾਂਦੇ ਹਨ। ਜਿਸ ਤਰ੍ਹਾਂ ਕਿ ਕੜਾਹ ਪ੍ਰਸਾਦਿ ਦਾ ਭੋਗ ਲਗਦਾ ਹੈ। ਸੀਤ ਪ੍ਰਸਾਦਿ ਸਾਰੀ ਸੰਗਤ ਨੂੰ ਬ੍ਰਤਾਯਾ ਜਾਂਦਾ ਹੈ। ਅਗ੍ਰ ਤਿਲਕ ਵ ਟੀਕਾ ਗੁਰਮਤ ਦੇ ਉਲਟ ਹੁੰਦਾ, ਤਾਂ ਕਲਗੀਧਰ ਦਸ਼ਮੇਸ਼ ਪਿਤਾ ਜੀ ਅਪਨੇ ਸ਼ਸਤਰ ਤੇ ਕਿਉਂ ਲਵਾਂਉਂਦੇ ਔਰ ਆਪ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਨੂੰ ਤਿਲਕ ਕਿਉਂ ਲਾਂਵਦੇ ਅਪਨੇ ਹਥੀਂ ? ਸੋ ਭਾਈ ਸ਼ੰਕਾਵਾਦੀ ਸਜਨੋ, ਜੇ ਯਾਰਾਂ ਪਾਤਸ਼ਾਹੀਆਂ ਨੂੰ ਗੁਰਤਾ ਗਦੀ ਦੇ ਟੈਮ ਤਿਲਕ ਵ ਟੀਕਾ ਲਾਯਾ ਜਾਂਦਾ ਰਿਹਾ ਹੈ, ਤੁਸੀਂ ਕਿਸਤਰ੍ਹਾਂ ਗੁਰਮਤ ਦੇ ਵਿਰੁਧ ਦਸਦੇ ਹੋ ? ਤਾਂ ਸ਼ੰਕਾਵਾਦੀ ਕਹਿਨ ਲਗੇ, "ਭਾਈ, ਮਹਾਰਾਜ ਜੀ ਨੇ ਕੇਸ੍ਰ ਦਾ ਤਿਲਕ ਵ ਟੀਕਾ ਲਾਯਾ ਸੀ ਕਿ ਚੰਦਨ ਦਾ ?" ਸੋ ਭਾਈ ਸ਼ੰਕਾਵਾਦੀ ਸਜਨੋ, ਇਸਦਾ ਭੀ ਉਤ੍ਰ ਸੁਨੋ। ਦਸਮ ਪਾਤਸ਼ਾਹ ਜੀ ਨੇ ਆਪ ਹੁਕਮ ਕੀਤਾ ਸੀ ਕਿ ਸਾਡੇ ਵਾਸਤੇ ਚੰਦਨ ਦੀਆਂ ਲਕੜੀਆਂ ਲੇ ਆਓ, ਬੈਕੁੰਠ ਜਾਨ ਸਮੇਂ। ਅਗ੍ਰ ਗੁਰੂ ਸਾਹਿਬ ਚੰਦਨ ਨੂੰ ਬੁਰਾ ਸਮਝਦੇ, ਤਾਂ ਕਿਉਂ ਕਹਿੰਦੇ ਕਿ ਸਾਡੇ ਵਾਸਤੇ ਚੰਦਨ ਲਿਆਉ ?

ਇਸਤਰ੍ਹਾਂ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ, ਭਾਈ ਕਮਲੀਏ ਦੇ ਯਾਦ ਕਰਨ ਤੇ ਨਾਨਕ ਮਤੇ ਗਏ ਸਨ, ਪੀਲੀਭੀਤ। ਉਥੇ ਜਾ ਕੇ ਦੇਖਿਯਾ ਕਿ ਸਿਧਾਂ ਨੇ ਗੁਰੂ ਨਾਨਕ ਸਾਹਿਬ ਜੀ ਦਾ ਪਿਪਲ ਸਾੜ ਦਿਤਾ ਸੀ, ਕਿਉਂਕਿ ਉਸ ਪਿਪਲ ਦੀ ਉਸ ਇਲਾਕੇ ਦੇ ਲੋਕ ਬਹੁਤ ਪੂਜਾ ਮਾਨਤਾ ਕਰਦੇ ਹਨ। ਜਦ ਗੁਰੂ ਸਾਹਿਬ ਜੀ ਉਥੇ ਪਹੁੰਚੇ, ਭਾਈ ਕਮਲੀਏ ਜੀ ਨੇ ਸਾਰੀ ਹਕੀਕਤ ਸੁਨਾਈ ਔਰ ਬਹੁਤ ਰੁਦਨ ਕਰੀ ਜਾਏ। ਗੁਰੂ ਸਾਹਿਬ ਜੀ ਤੇ ਸਮਝਾਨ ਤੇ ਭੀ ਉਸ ਦਾ ਬੈਰਾਗ ਵ ਰੋਨਾ ਨਾ ਰੁਕੀਆ। ਉਸ ਵਕਤ ਗੁਰੂ ਸਾਹਿਬ ਜੀ ਨੇ ਹੁਕਮ ਕੀਤ ਕਿ ਭਾਈ ਕਮਲੀਆ, ਚੰਦਨ ਰਗੜ ਕੇ ਲੇਆ। ਤੇਰਾ ਪਿਪਲ ਗੁਰੂ ਨਾਨਕ ਨਿਰੰਕਾਰੀ ਦੀ ਕ੍ਰਿਪਾ ਨਾਲ ਫੇਰ

---

[5] ਸਿਰੀਰਾਗੁ ਮਹਲੁ ੧, ਪੰਨਾ ੧੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਜਿਉਂ ਦਾ ਤਿਉਂ ਹੋ ਜਾਏਗਾ। ਭਾਈ ਕਮਲੀਏ ਜੀ ਨੇ ਤੁਰਤ ਹੀ ਜਲਦੀ ਨਾਲ ਚੰਦਨ ਰਗੜ ਕੇ ਲੇ ਆਯਾ ਔਰ ਪੇਸ਼ ਕੀਤਾ। ਗੁਰੂ ਸਾਹਿਬ ਜੀ ਨੇ ਅਪਨੇ ਹਸਤ ਕਮਲ ਨਾਲ ਉਸ ਚੰਦਨ ਦਾ ਛਿੜਕਾ ਲ ਛੀਟੇ ਦਿਤੇ । ਓਹ ਪਿਪਲ ਫੇਰ ਉਸੀ ਦਮ ਹਰਾ ਭਰਾ ਹੋ ਗਯਾ। ਹੁਣ ਤਕ ਉਸ ਪਿਪਲ ਦੇ ਹਰ ਇਕ ਪਤੇ ਤੇ ਚੰਦਨ ਦੇ ਛਿਟੇ ਦਾ ਨੀਸ਼ਾਨ ਮੌਜੂਦ ਹੈ। ਸ਼ੰਕਾਵਾਦੀ ਸਜਨ ਉਥੇ ਜਾ ਕੇ ਦੇਖ ਸਕਦੇ ਹਨ। ਸੋ ਸਾਧ ਸੰਗਤ ਜੀਓ, ਟੀਕਾ

ਜਦੋਂ ਰਾਜਾ ਤਖ਼ਤ ਤੇ ਬੈਠਦਾ ਹੈ, ਉਦੋਂ ਲਾਯਾ ਜਾਂਦਾ ਹੈ ਤੇ ਸੰਤਾਂ ਤੇ ਲਾਯਾ ਜਾਂਦਾ ਹੈ ਗਦੀ ਨਸ਼ੀਨ ਦੇ ਟੈਮ। ਏਹ ਹਿੰਦੂ ਮਤ ਨਹੀਂ ਹੈ। ਗੁਰੂ ਸਾਹਿਬ ਜੀ ਦੇ ਗਦੀ ਨਸ਼ੀਨ ਦੇ ਟੈਮ ਜੋ ਤਿਲਕ ਲਾਯਾ ਜਾਂਦਾ ਰਿਹਾ ਹੈ, ਬਾਕੀ ਬਚਿਆ ਸੰਗਤਾਂ ਦੇ ਵਿਚ ਬ੍ਰਤਾਯਾ ਜਾਂਦਾ ਹੈ ਵ ਤਿਲਕ ਟੀਕਾ ਸੰਤਾਂ ਦੇ ਮਥੇ ਤੇ ਲਾਏ ਜਾਂਦੇ ਹਨ। ਇਸ ਦਾ ਏਕ ਮਤਲਬ ਅ੍ਰਥ ਏਹ ਹੋਯਾ ਕਿ ਬਚਾ ਹੋਯਾ ਮਹਾਰਾਜ ਜੀ ਦਾ ਸੀਤ ਪ੍ਰਸਾਦਿ ਸਮਝ ਕੇ ਲਾਯਾ ਜਾਂਦਾ ਹੈ। ਦੂਜਾ ਅ੍ਰਥ ਏਹ ਹੈ ਕਿ ਸਾਰੀ ਸੰਗਤ ਤੇ ਮਥੇ ਤੇ ਤਿਲਕ ਲਾਏ ਕਿ ਸਾਨੂੰ ਇਨਾਂ ਦਾ ਹੁਕਮ ਸਿਰ ਮਥੇ ਮੰਨਜ਼ੂਰ ਹੈ। ਸ੍ਰੀ ਤਖ਼ਤ ਹਜ਼ੂਰ ਸਾਹਿਬ ਤੇ ਜਿਸਤਰਾਂ ਗੁਰੂ ਕਲਗੀਧਰ ਦਸ਼ਮੇਸ਼ ਪਿਤਾ ਜੀ ਨੇ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਨੂੰ ਗੁਰਤਾ ਗਦੀ ਦੀ ਰਸਮ ਦੇ ਟੈਮ ਤਿਲਕ ਵ ਟੀਕਾ ਲਾਯਾ ਸੀ, ਉਨ੍ਹਾਂ ਦੀ ਆਗਿਯਾ ਵਿਚ ਉਸੀਤਰ੍ਹਾਂ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਨੂੰ ਤਿਲਕ ਵ ਟੀਕਾ ਪਹਿਲੇ ਲਾ ਕੇ ਬਾਕੀ ਬਚਿਆ ਸੰਗਤ ਨੂੰ ਬ੍ਰਤਾਯਾ ਜਾਂਦਾ ਹੈ। ਸਾਧ ਸੰਗਤ ਜੀਓ, ਜਿਸਤ੍ਰਾਂ ਦਸਮ ਪਾਤਸ਼ਾਹ ਜੀ ਨੇ ਅੰਮ੍ਰਤ ਪਹਿਲੇ ਆਪ ਤਿਆਰ ਕੀਤਾ ਤੇ ਪੰਜ ਪਿਆਰੀਆਂ ਨੂੰ ਛਕਾਯਾ, ਉਸੇ ਵਕਤ ਪੂਰੇ ਅਖ਼ਤਿਆਰ ਪੰਜ ਪਿਆਰਿਆਂ ਨੂੰ ਸੌਂਪੇ ਸੀ। ਜਿਸਤੇ ਗੁਰੂ ਸਾਹਿਬ ਜੀ ਦੇ ਸਨਮੁਖ ਪੰਜ ਪਿਆਰੇ ਅਮ੍ਰਤ ਤਿਆਰ ਕਰ ਕੇ ਕਲਗੀਧਰ ਦਸ਼ਮੇਸ਼ ਪਿਤਾ ਜੀ ਨੂੰ ਛਕਾਯਾ ਸੀ। ਇਸੀਤਰ੍ਹਾਂ ਤਖ਼ਤ ਹਜ਼ੂਰ ਸਾਹਿਬ ਤੇ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਨੂੰ ਤਿਲਕ ਲਾਉਨ ਦੀ ਮ੍ਰਿਜਾਦਾ ਪਹਿਲੇ ਗੁਰੂ ਸਾਹਿਬ ਜੀ ਨੇ ਆਪ ਕੀਤੀ ਤੇ ਉਨ੍ਹਾਂ ਦੀ ਆਗਯਾ ਵ ਉਨ੍ਹਾਂ ਦੀ ਤੋਰੀ ਹੋਈ ਮ੍ਰਿਜਾਦਾ ਹੁਨ ਤਖ਼ਤ ਸਾਹਿਬ ਜੀ ਦੇ ਪੰਜ ਪਿਆਰੀਆਂ ਵਿਚੋਂ ਪਹਿਲੇ ਏਕ ਪਿਆਰਾ, ਛੋਟਾ ਜਥੇਦਾਰ ਹੁਨ ਤਕ ਕਰਦੇ ਆ ਰਹੇ ਹਨ। ਸੋ ਸ਼ੰਕਾਵਾਦੀ ਸਜਨੋ, ਗੁਰੂ ਸਾਹਿਬ ਅਪਨੀ ਹਥੀਂ ਗੁਰੂ ਸਾਹਿਬ ਨੂੰ ਟੀਕਾ ਲਾਉਂਦੇ ਹਨ। ਤੁਸੀਂ ਕਿਸਤਰ੍ਹਾਂ ਗੁਰਮਤ ਦੇ ਉਲਟ ਦਸਦੇ ਹੋ? ਤੁਹਾਡੇ ਕੋਲ ਟੀਕੇ ਬਾਰੇ ਕਿਯਾ ਸਬੂਤ ਹਨ? ਸ਼ੰਕਾਵਾਦੀ ਸਜਨ ਦਸਨ ਦੀ ਕ੍ਰਿਪਾਲਤਾ ਕਰਨ। ਉਨ੍ਹਾਂ ਦੇ ਅਸੀਂ ਅਤੀ ਧਨਵਾਦੀ ਹੋਵਾਂਗੇ।